# ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਲਈ ਵੱਧ ਚੰਗੀ ਪੜ੍ਹਾਈ

ਸੰਖੇਪ

# ਮੁੱਖਬੰਧ

ਜੇ ਅਸੀਂ ਨਿਆਂਪਸੰਦ ਅਤੇ ਖ਼ੁਸ਼ਹਾਲ ਸਮਾਜ ਦੇ ਨਿਰਮਾਣ ਦੇ ਕੰਮ ਨੂੰ ਗੰਭੀਰਤਾ ਨਾਲ ਲੈਂਦੇ ਹਾਂ, ਤਾਂ ਹਰ ਬੱਚੇ ਨੂੰ ਆਪਣੀਆਂ ਯੋਗਤਾਵਾਂ ਅਤੇ ਸੰਭਾਵਨਾਵਾਂ ਦੇ ਵਿਕਾਸ ਦਾ ਮੌਕਾ ਮਿਲਣਾ ਚਾਹੀਦਾ ਹੈ, ਭਾਵੇਂ ਬੱਚੇ ਦਾ ਪਿਛੋਕੜ ਕੋਈ ਵੀ ਹੋਵੇ। ਇਹ ਗੱਲ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ’ਤੇ ਵੀ ਢੁੱਕਦੀ ਹੈ।

ਇਸੇ ਕਰਕੇ ਇਹ ਸਰਕਾਰ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਨੂੰ ਵੀ ਜ਼ਿੰਦਗੀ ਵਿਚ ਉਹੋ ਮੌਕੇ ਦੇਣਾ ਚਾਹੁੰਦੀ ਹੈ ਜਿਹੜੇ ਮੌਕੇ ਕੋਈ ਵੀ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਦੇਣਾ ਚਾਹੁੰਦੇ ਹਨ, ਅਤੇ ਚੰਗੀ ਪੜ੍ਹਾਈ ਨਾਲੋਂ ਵੱਧ ਅਹਿਮ ਹੋਰ ਕੋਈ ਵੀ ਚੀਜ਼ ਨਹੀਂ ਜੋ ਉੱਜਲੇ ਭਵਿੱਖ ਲਈ ਅਤੀ ਜ਼ਰੂਰੀ ਹੈ।

ਇਹ ਚੁਣੌਤੀ ਬੜੀ ਵੱਡੀ ਹੈ। ਪਰਿਵਾਰ ਅਤੇ ਦੋਸਤਾਂ ਤੋਂ ਵੱਖ ਹੋਣਾ, ਵੱਖਰੇ ਆਂਢ ਗੁਆਂਢ ਵਿਚ ਜਾਣਾ ਅਤੇ ਸਕੂਲ ਤੋਂ ਬਾਹਰ ਸਮਾਂ ਬਿਤਾਉਣਾ ਕਿਸੇ ਵੀ ਬੱਚੇ ਲਈ ਬਹੁਤ ਮੁਸ਼ਕਿਲ ਹੁੰਦਾ ਹੈ। ਅਜਿਹੇ ਔਖੇ ਵੇਲੇ ਪੜ੍ਹਾਈ ਕਰਨਾ ਹੋਰ ਵੀ ਵੱਧ ਮੁਸ਼ਕਿਲ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਵਿਚੋਂ ਅੱਧਿਆਂ ਕੋਲ ਦੇਖਭਾਲ ਵਿਚੋਂ ਜਾਣ ਵੇਲੇ ਕੋਈ ਵੀ ਵਿੱਦਿਅਕ ਯੋਗਤਾਵਾਂ ਨਹੀਂ ਹੁੰਦੀਆਂ। ਇਹਤੋਂ ਇਹ ਵੀ ਪਤਾ ਲਗਦਾ ਹੈ ਕਿ ਬੀਤੇ ਸਮੇਂ ਵਿਚ ਸਮਾਜ ਨੇ ਇਹਨਾਂ ਬੱਚਿਆਂ ਨਾਲ ਕਿੰਨਾ ਧ੍ਰੋਹ ਕੀਤਾ ਹੈ।

ਅਸੀਂ ਇਸ ਮਾੜੀ ਹਾਲਤ ਨੂੰ ਬਦਲਣ ਦਾ ਦ੍ਰਿੜ੍ਹ ਨਿਸ਼ਚਾ ਕੀਤਾ ਹੈ। ਅਸੀਂ ਪੈਸੇ ਖ਼ਰਚ ਕੇ ਅਤੇ ਸੁਧਾਰ ਕਰਕੇ ਸਭ ਬੱਚਿਆਂ ਨੂੰ ਵੱਧ ਚੰਗੀ ਵਿੱਦਿਆ ਦੇਣ ਦੇ ਕੰਮ ਦੀ ਬੁਨਿਆਦ ਰੱਖ ਦਿੱਤੀ ਹੈ। ਪਰ ਸਾਨੂੰ ਹੋਰ ਕਈ ਕੁਝ ਵੀ ਕਰਨਾ ਪੈਣਾ ਹੈ, ਇਸੇ ਕਰਕੇ ਮੈਂ ਸੋਸ਼ਲ ਐਕਸਲੂਯਨ ਯੂਨਿਟ ਨੂੰ ਆਖਿਆ ਕਿ ਉਹ ਵਿਚਾਰ ਕਰੇ ਕਿ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਦੀ ਪੜ੍ਹਾਈ ਦਾ ਮਿਆਰ ਉੱਚਾ ਚੁੱਕਣ ਵਿਚ ਮਦਦ ਦੇਣ ਲਈ ਸਰਕਾਰ ਕੀ ਕਰ ਸਕਦੀ ਹੈ।

ਇਹ ਰਿਪੋਰਟ ਉਹਨਾਂ ਮਸਲਿਆਂ ਬਾਰੇ ਪੂਰੀ ਘੋਖ ਪੜਤਾਲ ਕਰਨ ਮਗਰੋਂ ਤਿਆਰ ਕੀਤੀ ਗਈ ਹੈ ਜਿਹੜੇ ਮਸਲੇ ਸਰਕਾਰੀ ਦੇਖਭਾਲ ਵਿਚਲੇ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਵਾਸਤੇ ਸਾਨੂੰ ਹੱਲ ਕਰਨੇ ਪੈਣਗੇ। ਜਿਹੜੀਆਂ ਤਬਦੀਲੀਆਂ ਕਰਨ ਦੀ ਲੋੜ ਸਮਝੀ ਗਈ ਹੈ, ਉਹਨਾਂ ਦੇ ਸਿੱਟੇ ਵਜੋਂ ਬਹੁਤ ਘੱਟ ਬੱਚਿਆਂ ਦੇ ਰਹਿਣ ਦੀ ਥਾਂ ਵਾਰ ਵਾਰ ਬਦਲੇਗੀ ਜਾਂ ਉਹ ਸਕੂਲ ਤੋਂ ਬਾਹਰ ਸਮਾਂ ਬਿਤਾਉਣਗੇ। ਦੇਖਭਾਲ ਵਾਲੇ ਬੱਚਿਆਂ ਦੀ ਵੱਧ ਮਦਦ ਅਤੇ ਹੌਸਲਾ ਅਫ਼ਜ਼ਾਈ ਕੀਤੀ ਜਾਏਗੀ ਅਤੇ ਪੜ੍ਹਾਈ ਕਰਨ, ਸਕੂਲ ਜਾਣ ਅਤੇ 16 ਸਾਲ ਦੀ ਉਮਰ ਤੋਂ ਬਾਅਦ ਵੀ ਪੜ੍ਹਾਈ ਕਰਨ ਵਿਚ ਮਦਦ ਕੀਤੀ ਜਾਏਗੀ। ਪੜ੍ਹਾਈ ਵਿਚ ਪਿਛੜ ਗਏ ਬੱਚਿਆਂ ਦੀ ਵੱਧ ਮਦਦ ਹੋਏਗੀ ਅਤੇ ਹਰ ਬੱਚੇ ਦੀ ਚੰਗੀ ਸਿਹਤ ਅਤੇ ਭਲੇ ਦੀ ਖ਼ਾਤਿਰ ਟੀਚਰਾਂ, ਸੋਸ਼ਲ ਵਰਕਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਵੱਧ ਚੰਗੀ ਸਿਖਲਾਈ ਦਿੱਤੀ ਜਾਏਗੀ।

ਇਹ ਸੁਧਾਰ ਸਰਕਾਰ ਦੀ ਉਸ ਵਸੀਹ ਯੋਜਨਾ ਦਾ ਹਿੱਸਾ ਹਨ ਜਿਹਦਾ ਮੰਤਵ ਬੱਚਿਆਂ ਨੂੰ ਲੋੜੀਂਦੀਆਂ ਸੇਵਾਵਾਂ ਉਸ ਵੇਲੇ ਦੇਣਾ ਹੈ ਜਿਸ ਵੇਲੇ ਉਹਨਾਂ ਨੂੰ ਲੋੜ ਹੋਵੇ। ਅੱਜ ਅਸੀਂ ਬੱਚਿਆਂ ਨੂੰ ਉਹ ਸੇਵਾਵਾਂ ਦੇਣ ਦਾ ਐਲਾਨ ਵੀ ਕੀਤਾ ਹੈ ਜਿਹਨਾਂ ਦਾ ਜ਼ਿਕਰ ਬੱਚਿਆਂ ਦੇ ਗਰੀਨ ਪੇਪਰ *ਐਵਰੀ ਚਾਈਲਡ ਮੈਟਰਜ਼ (ਹਰ ਬੱਚਾ ਅਹਿਮ ਹੈ - Every Child Matters)* ਵਿਚ ਕੀਤਾ ਗਿਆ ਹੈ। ਇਸ ਵਿਚ ਸੇਵਾਵਾਂ ਵਿਚਕਾਰ ਤਾਲਮੇਲ ਕਰਨ, ਕੰਮ ਕਰਨ ਵਾਲਿਆਂ ਦੀ ਵੱਧ ਸਪਸ਼ਟ ਜ਼ਿੰਮੇਦਾਰੀ ਅਤੇ ਜਵਾਬਦੇਹੀ ਨਿਸ਼ਚਿਤ ਕਰਨ ਅਤੇ ਉਹਨਾਂ ਨੂੰ ਵੱਧ ਸ਼ਕਤੀਸ਼ਾਲੀ ਬਣਾਉਣ ਦੇ ਸੁਝਾਓ ਵੀ ਸ਼ਾਮਿਲ ਕੀਤੇ ਗਏ ਹਨ। ਇਹਦੇ ਨਾਲ ਬੱਚਿਆਂ ਦੀ ਵੱਧ ਚੰਗੀ ਹਿਫ਼ਾਜ਼ਤ ਹੋ ਸਕੇਗੀ ਅਤੇ ਪਿਛੜੇ ਹੋਏ ਲੋਕਾਂ ਦੀ ਆਵਾਜ਼ ਸੁਣੀ ਜਾ ਸਕੇਗੀ।

ਮੈਨੂੰ ਪੂਰਾ ਯਕੀਨ ਹੈ ਕਿ ਇਹਨਾਂ ਸਭ ਤਬਦੀਲੀਆਂ ਨਾਲ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਨੂੰ ਆਪਣੀਆਂ ਯੋਗਤਾਵਾਂ ਦਾ ਪੂਰਾ ਵਿਕਾਸ ਕਰਨ ਦਾ ਮੌਕਾ ਮਿਲੇਗਾ, ਜਿਹਦੇ ਉਹ ਹੱਕਦਾਰ ਹਨ - ਇਹ ਖ਼ੁਦ ਇਹਨਾਂ ਬੱਚਿਆਂ ਲਈ ਹੀ ਨਹੀਂ, ਸਗੋਂ ਸਾਡੇ ਸਮੁੱਚੇ ਸਮਾਜ ਦੀ ਸਿਹਤ ਅਤੇ ਖ਼ੁਸ਼ਹਾਲੀ ਲਈ ਵੀ ਅਤੀ ਜ਼ਰੂਰੀ ਹੈ।

ਟੋਨੀ ਬਲੇਅਰ

Tony Blair

# ਸੰਖੇਪ

## ਸਾਡਾ ਨਿਸ਼ਾਨਾ

1. ਸਰਕਾਰ ਦੀ ਲੰਮੇ ਸਮੇਂ ਦੀ ਪਾਲਿਸੀ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਦੇਖਭਾਲ ਵਿਚ ਪਲਣ ਵਾਲਾ ਹਰ ਬੱਚਾ ਆਪਣੀ ਯੋਗਤਾ ਦਾ ਪੂਰਾ ਵਿਕਾਸ ਕਰ ਸਕੇ।

2. ਸੋਸ਼ਲ ਐਕਸਕਲੂਯਨ ਯੂਨਿਟ (Social Exclusion Unit) ਦੀ ਰਿਪੋਰਟ ਵਿਚ ਉਹਨਾਂ ਅੜਚਨਾਂ ਬਾਰੇ ਛਾਣ ਬੀਣ ਕੀਤੀ ਗਈ ਹੈ ਜੋ ਸਰਕਾਰੀ ਦੇਖਭਾਲ ਵਿਚ ਪਲਣ ਵਾਲੇ ਬੱਚਿਆਂ ਨੂੰ ਆਪਣੀਆਂ ਵਿੱਦਿਅਕ ਯੋਗਤਾਵਾਂ ਦਾ ਪੂਰਾ ਵਿਕਾਸ ਕਰਨੋਂ ਰੋਕਦੀਆਂ ਹਨ, ਅਤੇ ਇਹਨਾਂ ਦੀ ਜ਼ਿੰਦਗੀ ਦੇ ਮੌਕੇ ਵਧੀਆ ਬਣਾਉਣ ਲਈ ਕੀਤੇ ਜਾ ਸਕਣ ਵਾਲੇ ਖ਼ਾਸ ਕੰਮਾਂ 'ਤੇ ਜ਼ੋਰ ਦਿੱਤਾ ਗਿਆ ਹੈ।

### ਅਹਿਮ ਤਬਦੀਲੀਆਂ - ਸਰਕਾਰੀ ਦੇਖਭਾਲ ਵਿਚਲੇ ਬੱਚਿਆਂ ਦੀ ਪੜ੍ਹਾਈ ਬਾਰੇ ਸੋਸ਼ਲ ਐਕਸਕਲੂਯਨ ਯੂਨਿਟ ਦੀ ਰਿਪੋਰਟ

- **ਵੱਧ ਸਥਿਰਤਾ** - ਤਾਕਿ ਸਰਕਾਰੀ ਦੇਖਭਾਲ ਵਿਚਲੇ ਬੱਚਿਆਂ ਨੂੰ ਬਹੁਤ ਜ਼ਿਆਦਾ ਵਾਰੀ ਘਰ ਜਾਂ ਸਕੂਲ ਨਾ ਬਦਲਣਾ ਪਏ।
- **ਸਕੂਲ ਤੋਂ ਬਾਹਰ ਘੱਟ ਸਮਾਂ - ਪੜ੍ਹਾਈ ਵਿਚ ਵੱਧ ਸਮਾਂ** - ਸਕੂਲ ਵਿਚ ਦਾਖ਼ਲ ਹੋਣ ਵਿਚ ਮਦਦ, ਪੜ੍ਹਾਈ ਕਰਨ ਦੇ ਵੱਧ ਚੰਗੇ ਮੌਕੇ, ਅਤੇ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਬਾਕਾਇਦਾ ਸਕੂਲ ਜਾਣ ਵਿਚ ਅਤੇ 16 ਸਾਲ ਦੀ ਉਮਰ ਮਗਰੋਂ ਵੀ ਪੜ੍ਹਾਈ ਚਾਲੂ ਰੱਖਣ ਵਿਚ ਵੱਧ ਮਦਦ।
- **ਸਕੂਲ ਦੇ ਕੰਮ ਵਿਚ ਮਦਦ** - ਬੱਚਿਆਂ ਨੂੰ ਵੱਧ ਨਿਜੀ ਮਦਦ, ਅਤੇ ਇਸ ਕੰਮ ਵਿਚ ਮਦਦ ਦੇਣ ਲਈ ਟੀਚਰਾਂ ਅਤੇ ਸੋਸ਼ਲ ਵਰਕਰਾਂ ਨੂੰ ਸਿਖਲਾਈ ਦੇਣਾ।
- **ਸਕੂਲ ਦੇ ਕੰਮ ਵਿਚ ਘਰੋਂ ਵੱਧ ਮਦਦ ਮਿਲਣਾ** - ਦੇਖਭਾਲ ਕਰਨ ਵਾਲਿਆਂ ਨੂੰ ਬੱਚਿਆਂ ਦੀਆਂ ਲੋੜਾਂ ਬਾਰੇ ਵੱਧ ਚੰਗੀ ਸਿਖਲਾਈ ਦੇਣਾ।
- **ਵੱਧ ਚੰਗੀ ਸਿਹਤ ਅਤੇ ਭਲਾਈ** - ਟੀਚਰ, ਸੋਸ਼ਲ ਕੇਅਰ ਸਟਾਫ਼, ਹੈਲਥ ਵਰਕਰ ਅਤੇ ਦੇਖਭਾਲ ਕਰਨ ਵਾਲੇ ਸਭ ਮਿਲ ਕੇ ਬੱਚੇ ਦੀ ਭਲਾਈ ਦੀ ਖ਼ਾਤਿਰ ਕੰਮ ਕਰਨ।

3. ਸਭ ਬੱਚਿਆਂ ਨੂੰ ਜ਼ਿੰਦਗੀ ਵਿਚ ਵੱਧ ਚੰਗੇ ਮੌਕੇ ਦੇਣ ਲਈ ਵੱਡੀਆਂ ਤਬਦੀਲੀਆਂ ਬਾਰੇ ਸੁਝਾਓ ਬੱਚਿਆਂ ਦੇ ਗਰੀਨ *ਐਵਰੀ ਚਾਈਲਡ ਮੈਟਰਜ਼ (ਹਰ ਬੱਚਾ ਅਹਿਮ ਹੈ - Every Child Matters)* ਵਿਚ ਪੇਸ਼ ਕੀਤੇ ਗਏ ਹਨ।

### ਬੱਚਿਆਂ ਦੇ ਗਰੀਨ ਪੇਪਰ ਦੇ ਮੁੱਖ ਸੁਝਾਓ

ਕੀਤੇ ਜਾਣ ਵਾਲੇ ਕੰਮ ਵਿਚ ਚਾਰ ਮੁੱਖ ਖੇਤਰਾਂ ਵਲ ਖ਼ਾਸ ਧਿਆਨ ਦਿੱਤਾ ਜਾਏਗਾ:

- **ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਮਦਦ ਕਰਨਾ**
- **ਛੇਤੀ ਦਖ਼ਲਅੰਦਾਜ਼ੀ ਕਰਨਾ - ਮਸਲਿਆਂ ਦੀ ਛੇਤੀ ਪਛਾਣ ਕਰਕੇ ਬੱਚੇ ਦੀ ਅਸਰਦਾਈ ਹਿਫ਼ਾਜ਼ਤ ਕਰਨਾ**
- **ਜਵਾਬਦੇਹੀ ਨੂੰ ਹੋਰ ਚੰਗਾ ਬਣਾਉਣਾ ਅਤੇ ਤਾਲਮੇਲ ਵਧਾਉਣਾ**
- **ਕੰਮ ਸੰਭਾਲਣ ਵਾਲੇ ਕਰਮਚਾਰੀਆਂ ਦੀ ਯੋਗਤਾ ਵਧਾਉਣਾ**

4. ਸੋਸ਼ਲ ਐਕਸਕਲੂਯਨ ਯੂਨਿਟ ਨੇ ਸਰਕਾਰੀ ਦੇਖਭਾਲ ਵਿਚਲੇ ਬੱਚਿਆਂ ਦੀ ਪੜ੍ਹਾਈ ਦੇ ਮੌਜੂਦਾ ਨਿਸ਼ਾਨਿਆਂ ਬਾਰੇ ਮੁੜ-ਵਿਚਾਰ ਕਰਨ ਮਗਰੋਂ ਨਵਾਂ ਨਿਸ਼ਾਨਾ ਮਿੱਥਿਆ ਹੈ। ਇਸ ਕੰਮ ਵਿਚ ਮਦਦ ਦੇਣ ਲਈ ਵਾਧੂ ਪੈਸੇ ਹਨ।

### ਨਵਾਂ ਨਿਸ਼ਾਨਾ

ਨਵੇਂ ਪਬਲਿਕ ਸਰਵਿਸ ਐਗਰੀਮੈਂਟ ਦਾ ਮੰਤਵ:

**ਬੱਚਿਆਂ ਨੂੰ ਜ਼ਿੰਦਗੀ ਵਿਚ ਵੱਧ ਚੰਗੇ ਮੌਕੇ ਦੇਣਾ, ਅਤੇ ਇਸ ਕੰਮ ਲਈ:**

- **ਸੰਨ 2006 ਤਕ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਪੜ੍ਹਾਈ ਅਤੇ ਪੜ੍ਹਾਈ ਵਿਚ ਸਫਲਤਾ ਅਤੇ ਉਹਨਾਂ ਵਰਗੇ ਹੋਰ ਬੱਚਿਆਂ ਦੀ ਪੜ੍ਹਾਈ ਅਤੇ ਸਫਲਤਾ ਵਿਚਕਾਰ ਪਾੜੇ ਨੂੰ ਕਾਫ਼ੀ ਘੱਟ ਕਰਨਾ।**

  **2006 ਤਕ** ਇਸ ਨਿਸ਼ਾਨੇ ਦੀ ਪ੍ਰਾਪਤੀ ਤਦ ਹੋ ਸਕਦੀ ਹੈ, ਜੇ:

- 11-ਸਾਲਾ ਬੱਚਿਆਂ ਦੀ ਅੰਗਰੇਜ਼ੀ ਅਤੇ ਹਿਸਾਬ ਵਿਚ ਸਫਲਤਾ ਹੋਰ ਬੱਚਿਆਂ ਦੀ ਸਫ਼ਲਤਾ ਦੇ ਘੱਟੋ ਘੱਟ 60% ਦੇ ਬਰਾਬਰ ਹੋਵੇ;
- ਪੜ੍ਹਾਈ ਛੱਡ ਜਾਣ ਵਾਲਿਆਂ ਦੀ ਗਿਣਤੀ ਘਟਾਈ ਜਾਏ, ਤਾਕਿ ਸਕੂਲ ਛੱਡਣ ਦੀ ਉਮਰ ਵੇਲੇ ਜੀ.ਸੀ.ਐੱਸ.ਈ ਜਾਂ ਇਹਦੇ ਬਰਾਬਰ ਦਾ ਇਮਤਿਹਾਨ ਪਾਸ ਕੀਤੇ ਬਿਨਾਂ ਜਾਣ ਵਾਲਿਆਂ ਦੀ ਗਿਣਤੀ 10 ਫ਼ੀ ਸਦੀ ਤੋਂ ਵੱਧ ਨਾ ਹੋਵੇ; ਅਤੇ
- 2002 ਤੋਂ ਬਾਅਦ 16 ਸਾਲ ਦੀ ਉਮਰ ਤਕ ਜੀ.ਸੀ.ਐੱਸ.ਈ ਵਿਚ ਏ*-ਸੀ ਗਰੇਡ ਲੈਣ ਵਾਲਿਆਂ ਦੀ ਗਿਣਤੀ ਹਰ ਸਾਲ 4 ਫ਼ੀ ਸਦੀ ਪੁਆਇੰਟ ਵਧੀ ਹੋਵੇ; ਅਤੇ ਸਭ ਅਥਾਰਿਟੀਆਂ ਵਿਚ ਸਰਕਾਰੀ ਦੇਖਭਾਲ ਵਾਲੇ ਨੌਜਵਾਨਾਂ ਨੇ ਇਸ ਪੱਧਰ ਦੀ ਯੋਗਤਾ ਹਾਸਿਲ ਕੀਤੀ ਹੋਵੇ।

### ਵੱਧ ਪੈਸੇ ਖ਼ਰਚ ਕਰਨਾ

ਸਰਕਾਰ ਨੇ ਸਪੈਂਡਿੰਗ ਰਿਵਿਊ 2002 ਵਿਚ ਇਸ ਕੰਮ ਲਈ ਵੱਧ ਪੈਸੇ ਖ਼ਰਚ ਕਰਨ ਦਾ ਐਲਾਨ ਕੀਤਾ ਹੈ:

- 2003-06 ਦੌਰਾਨ ਵਲਨੀਰੇਬਲ ਚਿਲਡਰਨਜ਼ ਗਰਾਂਟ (Vulnerable Children's Grant) ਰਾਹੀਂ £252 ਮਿਲੀਅਨ ਖ਼ਰਚ ਕਰਕੇ ਸਭ ਤੋਂ ਵੱਧ ਲੋੜਵੰਦ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਕੀਤੀ ਜਾਏਗੀ, ਜਿਹਨਾਂ ਵਿਚ ਸਰਕਾਰੀ ਦੇਖਭਾਲ ਵਾਲੇ ਬੱਚੇ ਵੀ ਸ਼ਾਮਿਲ ਹਨ।
- 2003-06 ਦੌਰਾਨ ਹੋਰ £113 ਮਿਲੀਅਨ ਚੌਇਸ ਪ੍ਰੋਟੈਕਟਸ ਪ੍ਰੋਗਰਾਮ (Choice Protects programme) ਰਾਹੀਂ ਬੱਚਿਆਂ ਨੂੰ ਦੇਖਭਾਲ ਵਿਚ ਲਿਜਾਣ ਅਤੇ ਰੱਖਣ ਦੇ ਕੰਮ ਵਿਚ ਸੁਧਾਰ ਕੀਤਾ ਜਾਏਗਾ।

## ਸਰਕਾਰ ਦੇ ਕੰਮ ਵਿਚ ਪ੍ਰਗਤੀ

5. ਸੋਸ਼ਲ ਐਕਸਕਲੂਯਨ ਯੂਨਿਟ ਦੀ ਰਿਪੋਰਟ ਵਿਚ ਮਿੱਥੇ ਕੰਮਾਂ ਦੇ ਨਾਲ ਨਾਲ, ਸਰਕਾਰ ਨੇ ਦੇਖਭਾਲ ਵਾਲੇ ਬੱਚਿਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੀਤੇ ਜਾਣ ਵਾਲੇ ਸੁਧਾਰਾਂ 'ਤੇ ਪਿੱਛੇ ਜਿਹੇ ਹੋਰ ਪੈਸੇ ਵੀ ਖ਼ਰਚ ਕੀਤੇ ਹਨ। ਇਹਨਾਂ ਵਿਚ ਹੇਠ ਲਿਖੇ ਕੰਮ ਸ਼ਾਮਿਲ ਹਨ:

   - ਬੱਚਿਆਂ ਨੂੰ ਸੇਵਾਵਾਂ ਦੇਣ ਲਈ *Quality Protects* *(ਕੁਆਲਿਟੀ ਪ੍ਰੋਟੈਕਟਸ)* ਨਾਂ ਦੀ ਕੌਮੀ ਪੱਧਰ ਦੇ ਮੰਤਵਾਂ ਵਾਲੀ ਨਵੀਂ ਪੰਜ-ਸਾਲਾ ਯੋਜਨਾ 1998 ਵਿਚ ਸ਼ੁਰੂ ਕੀਤੀ ਗਈ, ਅਤੇ ਇਹਦੇ ਲਈ £885 ਮਿਲੀਅਨ ਹੋਰ ਪੈਸੇ ਰੱਖੇ ਗਏ;
   - ਸਾਂਝੀ *Guidance on the Education of Children and Young People in Public Care* *(ਸਰਕਾਰੀ ਦੇਖਭਾਲ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੀ ਪੜ੍ਹਾਈ ਬਾਰੇ ਹਿਦਾਇਤਾਂ)* (ਜਾਂ 'ਜੌਇੰਟ ਗਾਈਡੈਂਸ) ਡਿਪਾਰਟਮੈਂਟ ਆਫ਼ ਹੈਲਥ (ਡੀ.ਐਚ) ਅਤੇ ਡਿਪਾਰਟਮੈਂਟ ਫ਼ਾਰ ਐਜੂਕੇਸ਼ਨ ਐਂਡ ਸਕਿਲਜ਼ (ਡੀ.ਐਫ਼.ਈ.ਐੱਸ) ਨਾਲ ਮਿਲ ਕੇ ਸੰਨ 2002 ਵਿਚ ਤਿਆਰ ਕੀਤੀ ਗਈ;
   - ਦੇਖਭਾਲ ਵਾਲੇ ਬੱਚਿਆਂ ਨੂੰ ਰੱਖਣ ਵਾਲੇ ਹੋਮਾਂ ਅਤੇ ਪਾਲਣ ਕਰਨ ਦੀਆਂ ਸੇਵਾਵਾਂ ਲਈ ਨੈਸ਼ਨਲ ਮਿਨੀਮਮ ਸਟੈਂਡਰਡਜ਼ (ਘੱਟੋ ਘੱਟ ਕੌਮੀ ਮਿਆਰ) 2002 ਵਿਚ ਪ੍ਰਕਾਸ਼ਿਤ ਕੀਤੇ ਗਏ; ਅਤੇ
   - ਸਰਕਾਰੀ ਦੇਖਭਾਲ ਵਿਚੋਂ ਜਾਣ ਵਾਲੇ ਬੱਚਿਆਂ ਦੀ ਮਦਦ ਕਰਨ ਲਈ ਲੋਕਲ ਅਥਾਰਿਟੀਆਂ ਦੀਆਂ ਹੋਰ ਜ਼ਿੰਮੇਦਾਰੀਆਂ ਅਕਤੂਬਰ 2001 ਵਿਚ ਸ਼ੁਰੂ ਕੀਤੀਆਂ ਗਈਆਂ।

6. ਇਹਨਾਂ ਨਾਲ ਬੱਚਿਆਂ ਦੀ ਦੇਖਭਾਲ ਦੇ ਕੰਮ ਵਿਚ ਕਾਫ਼ੀ ਸੁਧਾਰ ਹੋਏ ਹਨ, ਜਿਵੇਂ ਕਿ ਬੱਚਿਆਂ ਦੀਆਂ ਵਿੱਦਿਅਕ ਲੋੜਾਂ ਲਈ ਸਿੱਧਿਆਂ ਕੰਮ ਕਰਨ ਵਾਲੇ ਲੋਕਾਂ ਨੂੰ ਵੱਧ ਚੰਗੀ ਸਿਖਲਾਈ ਦੇਣਾ। ਪਰ ਇਹ ਪ੍ਰਗਤੀ ਕਿਧਰੇ ਘੱਟ ਅਤੇ ਕਿਧਰੇ ਵੱਧ ਹੋਈ ਹੈ। ਹਰ ਚਾਰ ਲੋਕਲ ਅਥਾਰਿਟੀਆਂ ਵਿਚੋਂ ਇਕ ਤੋਂ ਵੀ ਘੱਟ ਨੇ 2001 ਤਕ ਦੇਖਭਾਲ ਵਿਚੋਂ ਜਾਣ ਵਾਲੇ ਅੱਧੇ ਬੱਚਿਆਂ ਨੂੰ ਇਕ ਜਾਂ ਵੱਧ ਜੀ.ਸੀ.ਐੱਸ.ਈ ਦੀਆਂ ਯੋਗਤਾਵਾਂ ਦੁਆਉਣ ਦਾ ਨਿਸ਼ਾਨਾ ਪੂਰਾ ਕੀਤਾ ਸੀ।

7. **ਸੋਸ਼ਲ ਐਕਸਕਲੂਟਨ ਯੂਨਿਟ ਨੂੰ ਇਹ ਪਤਾ ਕਰਨ ਲਈ ਆਖਿਆ ਗਿਆ ਕਿ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ ਜ਼ਿੰਦਗੀ ਵਿਚ ਵੱਧ ਚੰਗੇ ਮੌਕੇ ਦੇਣ ਲਈ ਹੋਰ ਕੀ ਕੀਤਾ ਜਾ ਸਕਦਾ ਹੈ, ਅਤੇ ਇਹਦੇ ਲਈ ਯੂਨਿਟ ਨੂੰ ਮਸਲਿਆਂ ਬਾਰੇ ਛਾਣਬੀਣ ਕਰਨ, ਸਰਕਾਰੀ ਦੇਖਭਾਲ ਵਾਲੇ ਬੱਚਿਆਂ ਅਤੇ ਉਹਨਾਂ ਦੇ ਸਟਾਫ਼ ਨਾਲ ਗੱਲਬਾਤ ਕਰਨ, ਅਤੇ ਸਰਕਾਰ ਦੇ ਵੱਖ ਵੱਖ ਮਹਿਕਮਿਆਂ ਲਈ ਸਾਂਝੀਆਂ ਯੋਜਨਾਵਾਂ ਪੇਸ਼ ਕਰਨ ਲਈ ਆਖਿਆ ਗਿਆ।**

## ਪਿਛੋਕੜ - ਮੌਜੂਦਾ ਹਾਲਾਤ

8. ਬਹੁਤ ਸਾਰੇ ਬੱਚਿਆਂ ਨੂੰ ਸਕੂਲ ਜਾਣਾ ਚੰਗਾ ਲਗਦਾ ਹੈ, ਅਤੇ ਲੱਗਭਗ ਸਭ ਬੱਚੇ ਸਕੂਲ ਜਾਣ ਦੀ ਅਹਿਮੀਅਤ ਨੂੰ ਸਮਝਦੇ ਹਨ। ਪਰ ਸਮੁੱਚੇ ਤੌਰ 'ਤੇ ਪੜ੍ਹਾਈ ਦਾ ਉਹਨਾਂ ਦਾ ਤਜਰਬਾ ਮਾੜਾ ਹੀ ਹੈ ਅਤੇ ਵਿੱਦਿਅਕ ਸਫਲਤਾ ਵੀ ਕਾਫ਼ੀ ਘੱਟ ਹੈ।

### ਸਰਕਾਰੀ ਦੇਖਭਾਲ ਵਿਚ ਬੱਚੇ - ਮੁੱਖ ਅੰਕੜੇ

- ਕਿਸੇ ਇਕ ਵੇਲੇ, ਲੱਗਭਗ 60,000 ਬੱਚੇ ਸਰਕਾਰੀ ਦੇਖਭਾਲ ਵਿਚ ਹੁੰਦੇ ਹਨ। 2001-02 ਸਰਕਾਰੀ ਦੇਖਭਾਲ ਵਾਲੇ ਬੱਚਿਆਂ ਵਿਚੋਂ 41% ਦੀ ਉਮਰ 10 ਸਾਲ ਜਾਂ ਘੱਟ ਸੀ।
- ਜ਼ਿਆਦਾਤਰ ਬੱਚੇ - 80 ਫ਼ੀ ਸਦੀ - ਉਹਨਾਂ ਨਾਲ ਹੋਣ ਵਾਲੇ ਮਾੜੇ ਸਲੂਕ ਜਾਂ ਅਣਗਹਿਲੀ ਕਾਰਨ, ਜਾਂ ਪਰਿਵਾਰਕ ਕਾਰਨਾਂ ਕਰਕੇ, ਸਰਕਾਰੀ ਦੇਖਭਾਲ ਵਿਚ ਭੇਜੇ ਜਾਂਦੇ ਹਨ। 10 ਫ਼ੀ ਸਦੀ ਤੋਂ ਘੱਟ ਉਹਨਾਂ ਦੇ ਆਪਣੇ ਵਤੀਰੇ ਕਾਰਨ ਇੱਥੇ ਆਉਂਦੇ ਹਨ।
- ਦੋ ਤਿਹਾਈ ਪਾਲਣ ਕਰਨ ਵਾਲੇ ਕਿਸੇ ਪਰਿਵਾਰ ਕੋਲ ਰਹਿੰਦੇ ਹਨ ਅਤੇ 10 ਵਿਚ ਇਕ ਬੱਚਾ ਚਿਲਡਰਨਜ਼ ਹੋਮ ਵਿਚ ਰਹਿੰਦਾ ਹੈ।
- ਚਾਰ ਬੱਚਿਆਂ ਵਿਚੋਂ ਇਕ ਆਪਣੇ 'ਘਰ' ਦੀ ਲੋਕਲ ਅਥਾਰਿਟੀ ਤੋਂ ਬਾਹਰ ਰਹਿੰਦਾ ਹੈ।
- ਸੰਨ 2001 ਵਿਚ, ਸਰਕਾਰੀ ਦੇਖਭਾਲ ਵਾਲੇ ਸਿਰਫ਼ 8 ਫ਼ੀ ਸਦੀ ਬੱਚਿਆਂ ਨੇ ਜੀ.ਸੀ.ਐੱਸ.ਈ ਇਮਤਿਹਾਨ ਵਿਚ ਪੰਜ ਜਾਂ ਵੱਧ ਏ*-ਸੀ ਗਰੇਡ ਹਾਸਿਲ ਕੀਤੇ, ਪਰ ਸਾਰੇ ਨੌਜਵਾਨਾਂ ਵਿਚੋਂ ਅੱਧਿਆਂ ਨੇ ਇਹ ਗਰੇਡ ਹਾਸਿਲ ਕੀਤੇ।
- ਦੇਖਭਾਲ ਵਾਲੇ ਬੱਚਿਆਂ ਦੇ 7, 11 ਅਤੇ 14 ਸਾਲ ਦੀ ਉਮਰ ਵਾਲੇ ਕੀਅ-ਸਟੇਜ ਟੈਸਟਾਂ ਦੇ ਨਤੀਜੇ ਵੱਧ ਮਾੜੇ ਹੁੰਦੇ ਹਨ। ਇਹਨਾਂ ਵਿਚੋਂ ਸਿਰਫ਼ 1 ਯੂਨੀਵਰਸਿਟੀ ਜਾਂਦਾ ਹੈ।

9. ਸਰਕਾਰੀ ਦੇਖਭਾਲ ਵਿਚੋਂ ਜਾਣ ਵਾਲੇ ਕੁਝ ਲੋਕ ਬਾਅਦ ਦੀ ਜ਼ਿੰਦਗੀ ਵਿਚ ਬਹੁਤ ਕਾਮਯਾਬ ਹੁੰਦੇ ਹਨ। ਪਰ, ਕਈਆਂ ਲਈ ਪੜ੍ਹਾਈ ਅਤੇ ਦੇਖਭਾਲ **ਬਾਅਦ ਵਿਚ ਉਹਨਾਂ ਦੀ ਸਮਾਜਕ ਅਲਗ ਥਲਗਤਾ** ਦਾ ਕਾਰਨ ਬਣਦੀ ਹੈ।

   - **ਗਲੀਆਂ ਵਿਚ ਸੌਣ ਵਾਲਿਆਂ** ਵਿਚੋਂ ਲੱਗਭਗ ਚੌਥਾ ਹਿੱਸਾ ਸਰਕਾਰੀ ਦੇਖਭਾਲ ਵਿਚ ਰਹੇ ਸਨ।
   - ਸਰਕਾਰੀ ਦੇਖਭਾਲ ਵਿਚ ਰਹੇ ਨੌਜਵਾਨਾਂ ਦੀ **ਉਂਨੀ ਸਾਲ ਦੀ ਉਮਰ ਤਕ ਮਾਪੇ ਬਣਨ** ਦੀ ਸੰਭਾਵਨਾ ਢਾਈ ਗੁਣਾ ਨਾਲੋਂ ਵੱਧ ਹੈ; ਅਤੇ
   - **ਜੇਲ੍ਹ** ਵਿਚ ਜਾਣ ਵਾਲੇ ਬਾਲਗ਼ਾਂ ਵਿਚੋਂ ਲੱਗਭਗ ਚੌਥਾ ਹਿੱਸਾ ਬਚਪਨ ਵਿਚ ਕਿਸੇ ਵੇਲੇ ਸਰਕਾਰੀ ਦੇਖਭਾਲ ਵਿਚ ਰਹੇ ਸਨ।

10. ਲੋਕਾਂ ਨੂੰ ਹੋਣ ਵਾਲੇ ਨਿਜੀ ਨੁਕਸਾਨ ਦੇ ਨਾਲ ਨਾਲ, **ਸਮਾਜ ਨੂੰ ਵੀ ਕਾਫ਼ੀ ਆਰਥਿਕ ਘਾਟਾ** ਪੈਂਦਾ ਹੈ। ਅੰਦਾਜ਼ਾ ਹੈ ਕਿ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਪੜ੍ਹਾਈ, ਰੁਜ਼ਗਾਰ ਅਤੇ ਸਿਖਲਾਈ ਦੇ ਮਿਆਰ ਨੂੰ ਵਧਾ ਕੇ ਹੋਰ ਬੱਚਿਆਂ ਦੇ ਬਰਾਬਾਰ ਲਿਆਉਣ ਨਾਲ **ਤਿੰਨ ਸਾਲਾਂ ਵਿਚ £300 ਮਿਲੀਅਨ** ਦੀ ਬੱਚਤ ਹੋ ਸਕਦੀ ਹੈ। ਜੁਰਮ ਘਟਣ ਅਤੇ ਲੋਕਾਂ ਦੇ ਬੇਘਰ ਨਾ ਹੋਣ ਨਾਲ ਹੋਰ ਵੀ ਵੱਧ ਪੈਸੇ ਬਚਣਗੇ।

## ਮੂਲ ਮਸਲੇ

11. ਪ੍ਰਗਤੀ ਅਤੇ ਤਬਦੀਲੀ ਦੇ ਰਾਹ ਦੀਆਂ ਮੂਲ ਅੜਚਨਾਂ ਪੰਜ ਮਸਲੇ ਹਨ:

- **ਯੋਗਤਾ** - ਬੱਚਿਆਂ ਦੇ ਸੋਸ਼ਲ ਕੇਅਰ ਕਰਮਚਾਰੀਆਂ ਦੀਆਂ ਬਹੁਤ ਸਾਰੀਆਂ ਖ਼ਾਲੀ ਨੌਕਰੀਆਂ, ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀਆਂ ਵਿੱਦਿਅਕ ਲੋੜਾਂ ਬਾਰੇ ਸਟਾਫ਼ ਨੂੰ ਨਾਕਾਫ਼ੀ ਸਿਖਲਾਈ;
- **ਪ੍ਰਬੰਧ ਅਤੇ ਅਗਵਾਈ** - ਸੀਨੀਅਰ ਪੱਧਰ 'ਤੇ ਵਚਨ-ਬੱਧਤਾ ਅਤੇ ਸਮੇਂ ਦੀ ਘਾਟ, ਸਟਾਫ਼ ਨੂੰ ਜਾਪਦਾ ਹੈ ਕਿ ਉਹ ਕੋਈ ਤਬਦੀਲੀ ਨਹੀਂ ਲਿਆ ਸਕਦੇ, ਅਤੇ ਕੰਮ ਕਰਨ ਵਾਲੇ ਸਟਾਫ਼ ਅਤੇ ਉਹਨਾਂ ਦੇ ਮੈਨੇਜਰਾਂ ਦੇ ਵਿਚਕਾਰ ਸੂਝਬੂਝ ਵਾਲੇ ਤਾਲਮੇਲ ਦੀ ਘਾਟ;
- **ਵਸੀਲੇ** - ਭਾਵੇਂ ਅਸਲ ਵਿਚ ਵੱਧ ਪੈਸੇ ਖ਼ਰਚ ਕੀਤੇ ਜਾਂਦੇ ਹਨ, ਪਰ ਕਈ ਥਾਂਵਾਂ 'ਤੇ ਕਾਫ਼ੀ ਸੇਵਾ ਦੇਣ ਵਿਚ ਹਾਲੇ ਵੀ ਬਹੁਤ ਮੁਸ਼ਕਿਲ ਆ ਰਹੀ ਹੈ, ਯੋਜਨਾਬੱਧ ਕਾਰਜਨੀਤੀ ਦੀ ਘਾਟ ਅਤੇ ਵਸੀਲਿਆਂ ਦੀ ਗ਼ਲਤ ਵਰਤੋਂ ਕਾਰਨ ਹਾਲਾਤ ਹੋਰ ਵੀ ਮਾੜੇ ਹੋ ਜਾਂਦੇ ਹਨ।
- **ਸਿਸਟਮ ਅਤੇ ਢਾਂਚੇ** - ਬਹੁਤ ਜ਼ਿਆਦਾ ਥਾਂਵਾਂ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਲੋਕਲ ਅਥਾਰਿਟੀ ਦੇ ਵੱਖ ਵੱਖ ਡਿਪਾਰਟਮੈਂਟਾਂ ਦੇ ਅਫ਼ਸਰਾਂ ਵਿਚ ਤਾਲਮੇਲ ਦੀ ਘਾਟ ਹੈ; ਅਤੇ
- **ਨਜ਼ਰੀਏ** - ਬਹੁਤ ਸਾਰੇ ਦੇਖਭਾਲ ਕਰਨ ਵਾਲੇ ਅਤੇ ਸੋਸ਼ਲ ਵਰਕਰ ਬੱਚਿਆਂ ਦੀ ਦੇਖਭਾਲ ਬਾਰੇ ਬੜੇ ਚੰਗੇ ਵਿਚਾਰ ਰੱਖਦੇ ਹਨ, ਪਰ ਬਹੁਤ ਸਾਰੇ ਕਰਮਚਾਰੀਆਂ ਅਤੇ ਸਮਾਜ ਵਿਚ ਆਮ ਲੋਕਾਂ ਦੇ ਵਿਚਾਰ ਬੜੇ ਹੀ ਢਾਹੂ ਕਿਸਮ ਦੇ ਹਨ।

## ਪੰਜ ਵੱਡੇ ਮੁੱਦੇ

12. ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਪੜ੍ਹਾਈ ਵਿਚ ਘੱਟ ਸਫਲਤਾ ਦੇ ਪੰਜ ਵੱਡੇ ਕਾਰਨ ਸੋਸ਼ਲ ਐਕਸਕਲੂਯਨ ਯੂਨਿਟ ਨੇ ਲੱਭੇ ਹਨ:

(i) ਬਹੁਤ ਸਾਰਿਆਂ ਦੀ ਜ਼ਿੰਦਗੀ ਵਿਚ **ਅਸਥਿਰਤਾ** ਹੁੰਦੀ ਹੈ;

(ii) ਸਰਕਾਰੀ ਦੇਖਭਾਲ ਵਾਲੇ ਬੱਚੇ ਬਹੁਤ **ਸਮਾਂ ਸਕੂਲ ਤੋਂ ਬਾਹਰ** ਜਾਂ ਸਿਖੱਣ ਵਾਲੀ ਕਿਸੇ ਹੋਰ ਥਾਂ ਤੋਂ ਦੂਰ ਬਿਤਾਉਂਦੇ ਹਨ;

(iii) ਜੇ ਬੱਚੇ ਪੜ੍ਹਾਈ ਵਿਚ ਪਿਛੜ ਜਾਣ, ਤਾਂ ਉਹਨਾਂ ਨੂੰ **ਪੜ੍ਹਾਈ ਵਿਚ ਕਾਫ਼ੀ ਮਦਦ** ਨਹੀਂ ਮਿਲਦੀ;

(iv) ਦੇਖਭਾਲ ਕਰਨ ਵਾਲਿਆਂ ਤੋਂ ਆਸ ਨਹੀਂ ਰੱਖੀ ਜਾਂਦੀ, ਅਤੇ ਉਹਨਾਂ ਵਿਚ ਯੋਗਤਾ ਵੀ ਨਹੀਂ ਹੁੰਦੀ, ਕਿ ਉਹ ਪੜ੍ਹਾਈ ਵਿਚ ਅੱਗੇ ਵਧਣ ਵਿਚ ਬੱਚਿਆਂ ਨੂੰ ਘਰ ਵਿਚ **ਮਦਦ ਅਤੇ ਉਤਸ਼ਾਹ** ਦੇ ਸਕਣ;

(v) ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ **ਜਜ਼ਬਾਤੀ, ਮਾਨਸਿਕ ਅਤੇ ਸਰੀਰਕ ਸਿਹਤ ਅਤੇ ਭਲਾਈ** ਲਈ ਉਹਨਾਂ ਨੂੰ ਵਧੇਰੇ ਮਦਦ ਦੀ ਲੋੜ ਹੈ।

## ਸਥਿਰਤਾ

13. ਸਰਕਾਰੀ ਦੇਖਭਾਲ ਵਾਲੇ ਜ਼ਿਆਦਾਤਰ ਬੱਚੇ ਇਕੋ ਵਾਰ ਦੇਖਭਾਲ ਵਿਚ ਆਉਂਦੇ ਹਨ ਅਤੇ ਇੱਕੋ ਥਾਂ ਰਹਿੰਦੇ ਹਨ। ਪਰ 2001-02 ਵਿਚ **ਸੱਤਾਂ ਵਿਚੋਂ ਇਕ ਨੂੰ ਤਿੰਨ ਜਾਂ ਚਾਰ ਥਾਂਵਾਂ 'ਤੇ ਭੇਜਿਆ ਗਿਆ। ਸੋਸ਼ਲ ਐਕਸਕਲੂਯਨ ਯੂਨਿਟ ਨੇ ਜਿਹਨਾਂ ਬੱਚਿਆਂ ਨਾਲ ਗੱਲ ਬਾਤ ਕੀਤੀ ਉਹਨਾਂ ਵਿਚੋਂ ਇਕ ਤਿਹਾਈ ਨਾਲੋਂ ਵੱਧ ਦਾ ਸਕੂਲ** ਉਹਨਾਂ ਨੂੰ ਰੱਖਣ ਵਾਲੀ ਥਾਂ ਬਦਲਣ ਕਾਰਨ **ਘੱਟੋ ਘੱਟ ਦੋ ਵਾਰੀ ਬਦਲਿਆ ਗਿਆ ਸੀ।**

14. ਸਥਿਰਤਾ ਲਿਆਉਣ ਲਈ ਸਭ ਤੋਂ ਵੱਡੀ ਲੋੜ ਇਸ ਗੱਲ ਦੀ ਹੈ ਕਿ ਦੇਖਭਾਲ ਲਈ ਰੱਖਣ ਵਾਲੀ ਸਹੀ ਥਾਂ ਲੱਭੀ ਅਤੇ ਕਾਇਮ ਰੱਖੀ ਜਾਏ। ਥਾਂ ਦੀ ਗ਼ਲਤ ਚੋਣ ਅਤੇ ਕਾਰਜਨੀਤੀ ਦੀ ਮਾੜੀ ਯੋਜਨਾਬੰਦੀ ਅਤੇ ਕਾਰਜਨੀਤੀ ਨੂੰ ਮਾੜੇ ਢੰਗ ਨਾਲ ਲਾਗੂ ਕਰਨ ਦੇ ਕਾਰਨ ਸੋਸ਼ਲ ਵਰਕਰਾਂ ਦੇ ਕੰਮ ਵਿਚ ਅੜਚਨ ਪੈ ਸਕਦੀ ਹੈ।

## ਸਕੂਲ ਤੋਂ ਬਾਹਰ ਅਤੇ ਪੜ੍ਹਾਈ ਵਿਚ ਬਿਤਾਇਆ ਜਾਣ ਵਾਲਾ ਸਮਾਂ

15. ਮੁੱਢਲੇ ਸਾਲਾਂ ਵਿਚ ਮਿਲਣ ਵਾਲੀਆਂ ਪੜ੍ਹਾਈ ਦੀਆਂ ਸਹੂਲਤਾਂ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਬਹੁਤ ਸਾਰੀਆਂ ਲੋਕਲ ਅਥਾਰਿਟੀਆਂ ਨੂੰ ਪਤਾ ਹੀ ਨਹੀਂ ਕਿ ਉਹਨਾਂ ਦੀ ਦੇਖਭਾਲ ਵਿਚਲੇ ਕਿੰਨੇ ਤਿੰਨ ਜਾਂ ਚਾਰ ਸਾਲ ਦੀ ਉਮਰ ਦੇ ਬੱਚੇ ਨਰਸਰੀ ਵਿਚ ਜਾਂਦੇ ਹਨ।

16. ਸਰਕਾਰੀ ਦੇਖਭਾਲ ਵਾਲੇ ਬਹੁਤ ਸਾਰੇ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਨੂੰ ਆਮ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ, ਪਰ ਇਹਨਾਂ ਵਿਚੋਂ ਕੁਝ ਘੱਟ ਪਰ ਅਹਿਮ ਗਿਣਤੀ ਦੇ ਬੱਚਿਆਂ ਦੀ ਪੜ੍ਹਾਈ ਵੱਖਰੀ ਕਿਸਮ ਦੀਆਂ ਥਾਂਵਾਂ 'ਤੇ ਹੁੰਦੀ ਹੈ, ਅਤੇ ਕਈਆਂ ਦੀ ਪੜ੍ਹਾਈ ਹਫ਼ਤੇ ਵਿਚ ਕੁਝ ਘੰਟੇ ਹੀ ਹੁੰਦੀ ਹੈ। ਕਈ ਹੇਠ ਲਿਖੇ ਕਾਰਨਾਂ ਕਰਕੇ ਕਈ ਕਈ ਦੇਰ ਸਕੂਲ ਨਹੀਂ ਜਾ ਸਕਦੇ:

- **ਉਹਨਾਂ ਦੇ ਦਾਖ਼ਲੇ ਲਈ ਸਕੂਲ ਮਿਲਦਾ ਹੀ ਨਹੀਂ;**
- **ਉਹਨਾਂ ਨੂੰ ਸਕੂਲੋਂ ਕੱਢ ਦਿੱਤਾ ਜਾਂਦਾ ਹੈ;** ਜਾਂ
- **ਉਹ ਬਾਕਾਇਦਾ ਸਕੂਲ ਨਹੀਂ ਜਾਂਦੇ।**

17. 2001-02 ਵਿਚ, ਦੇਖਭਾਲ ਵਿਚੋਂ ਜਾਣ ਵਾਲੇ ਸਿਰਫ਼ 46 ਫ਼ੀ ਸਦੀ ਬਾਰੇ ਪਤਾ ਲੱਗਿਆ ਕਿ ਉਹ 19 ਸਾਲ ਦੀ ਉਮਰ ਵਿਚ ਕੰਮ ਜਾਂ ਪੜ੍ਹਾਈ ਕਰਦੇ ਸਨ, ਪਰ ਆਮ ਢੰਗ ਨਾਲ ਪਲਣ ਵਾਲੇ ਬੱਚਿਆਂ ਵਿਚੋਂ 86 ਫ਼ੀ ਸਦੀ 19 ਸਾਲ ਦੀ ਉਮਰ ਵਿਚ ਕੰਮ ਜਾਂ ਪੜ੍ਹਾਈ ਕਰਦੇ ਸਨ।

## ਸਕੂਲ ਦੇ ਕੰਮ ਵਿਚ ਮਦਦ

18. ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ **ਪੜ੍ਹਾਈ ਵਿਚ ਵਾਧੂ ਮਦਦ** ਦੀ ਲੋੜ ਹੋ ਸਕਦੀ ਹੈ, ਕਿਉਂਕਿ ਜਾਂ ਉਹ **ਸਕੂਲ ਨਹੀਂ ਗਏ** ਹੋਣਗੇ, ਜਾਂ ਉਹਨਾਂ ਦੀਆਂ ਖ਼ਾਸ ਵਿੱਦਿਅਕ ਲੋੜਾਂ ਹੋ ਸਕਦੀਆਂ ਹਨ। **ਜਿਹੜੇ ਬੱਚੇ ਸਰਕਾਰੀ ਦੇਖਭਾਲ ਵਿਚ ਇਕ ਸਾਲ ਜਾਂ ਵੱਧ ਸਮਾਂ ਰਹੇ, ਉਹਨਾਂ ਵਿਚੋਂ 27 ਫ਼ੀ ਸਦੀ ਦੀ ਖ਼ਾਸ ਵਿੱਦਿਆਕ ਲੋੜਾਂ ਦੀ ਸਟੇਟਮੈਂਟ** (**ਐੱਸ. ਈ. ਐਨ**) **ਬਣੀ ਹੋਈ ਹੈ,** ਜਦਕਿ ਆਮ ਬੱਚਿਆਂ ਵਿਚੋਂ ਸਿਰਫ਼ 3 ਫ਼ੀ ਸਦੀ ਦੀ ਇਹ ਸਟੇਟਮੈਂਟ ਬਣੀ ਹੈ।

19. ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ ਪੂਰੇ ਸਕੂਲ ਤੋਂ ਮਿਲਣ ਵਾਲੀ ਮਦਦ ਨਾਲ ਫ਼ਾਇਦਾ ਹੁੰਦਾ ਹੈ, ਜਿਵੇਂ ਪੜ੍ਹਾਈ ਦੇ ਮੈਂਟਰਾਂ (ਰਹਿਬਰਾਂ) ਅਤੇ ਧੱਕੇਸ਼ਾਹੀ ਅਤੇ ਸ਼ਕੂਲੋਂ ਭੱਜਣਾ ਰੋਕਣ ਲਈ ਕੀਤੇ ਕੰਮਾਂ ਨਾਲ। ਇਹਦੇ ਨਾਲ ਨਾਲ, ਜੇ ਹਰ ਸਕੂਲ ਵਿਚ ਹਰ ਬੱਚੇ ਦੀ ਪੜ੍ਹਾਈ ਦੀਆਂ ਨਿਜੀ ਯੋਜਨਾਵਾਂ ਵਿਚ ਰਹਿਨੁਮਾਈ ਅਤੇ ਖ਼ਾਸ ਟੀਚਰਾਂ ਨੂੰ ਸ਼ਾਮਿਲ ਕੀਤਾ ਜਾਏ, ਤਾਂ ਹੋਰ ਵੀ ਚੰਗੀ ਗੱਲ ਹੋਏਗੀ। ਅਜਿਹੇ ਕੰਮਾਂ ਦੀ ਸਫਲਤਾ ਬਾਰੇ ਮਿਲੀ ਮੁੱਢਲੀ ਜਾਣਕਾਰੀ ਰਲੀ ਮਿਲੀ ਹੈ।

20. ਸਰਕਾਰੀ ਦੇਖਭਾਲ ਬੱਚਿਆਂ ਵਾਲੇ ਅਤੇ ਦੇਖਭਾਲ ਵਿਚੋਂ ਜਾ ਕੇ ਫ਼ਰਦਰ ਐਂਡ ਹਾਇਅਰ (ਅਗਲੇਰੀ ਅਤੇ ਉਚੇਰੀ) ਪੱਧਰ ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ ਨੂੰ ਵਾਧੂ ਮਦਦ ਦੀ ਲੋੜ ਹੋ ਸਕਦੀ ਹੈ, ਖ਼ਾਸ ਤੌਰ 'ਤੇ ਜੇ ਉਹ ਸਕੂਲ ਦੀ ਪੜ੍ਹਾਈ ਛੱਡਣ ਮਗਰੋਂ ਦੁਬਾਰਾ ਪੜ੍ਹਾਈ ਸ਼ੁਰੂ ਕਰ ਰਹੇ ਹਨ।

## ਘਰੋਂ ਮਿਲਣ ਵਾਲੀ ਮਦਦ ਅਤੇ ਹੌਸਲਾ ਅਫ਼ਜ਼ਾਈ

21. ਜਿਹੜੇ ਦੇਖਭਾਲ ਕਰਨ ਵਾਲੇ ਅਤੇ ਸੋਸ਼ਲ ਵਰਕਰ ਕਾਮਯਾਬੀ ਨਾਲ ਪੜ੍ਹਾਈ ਦੀ ਮਦਦ ਕਰਦੇ ਹਨ, ਉਹਨਾਂ ਦੀਆਂ ਆਸਾਂ ਉਮੀਦਾਂ ਉੱਚੀਆਂ ਹੁੰਦੀਆਂ ਹਨ, ਅਤੇ ਉਹਨਾਂ ਨੂੰ ਆਪਣੇ ਕੰਮਾਂ ਅਤੇ ਜ਼ਿੰਮੇਦਾਰੀਆਂ ਬਾਰੇ ਸਪਸ਼ਟ ਸਮਝ ਹੁੰਦੀ ਹੈ, ਅਤੇ ਬੱਚੇ ਦੇ ਵਿਕਾਸ ਅਤੇ ਪੜ੍ਹਾਈ ਵਿਚ ਮਦਦ ਦੇਣ ਲਈ ਉਹਨਾਂ ਕੋਲ ਤਾਜ਼ੀ ਜਾਣਕਾਰੀ ਅਤੇ ਯੋਗਤਾਵਾਂ ਵੀ ਹੁੰਦੀਆਂ ਹਨ।

22. ਇੱਕੋ ਲੋਕਲ ਅਥਾਰਿਟੀ ਵਿਚ ਵੀ ਬੱਚਿਆਂ ਦੀ ਪੜ੍ਹਾਈ ਵਿਚ ਦਿੱਤੀ ਜਾਣ ਵਾਲੀ ਮਦਦ ਵਿਚ **ਕਾਫ਼ੀ ਵਖਰੇਵੇਂ** ਹੁੰਦੇ ਹਨ। ਭਾਵੇਂ ਕਈ ਦੇਖਭਾਲ ਕਰਨ ਵਾਲੇ ਬਹੁਤ ਚੰਗੀ ਮਦਦ ਦਿੰਦੇ ਹਨ, ਪਰ ਕਈ ਮਦਦ ਨਹੀਂ ਦਿੰਦੇ, ਕਿਉਂਕਿ ਖ਼ੁਦ ਉਹਨਾਂ ਨੂੰ ਬੱਚੇ ਦੀ ਚੰਗੀ ਤਰ੍ਹਾਂ ਮਦਦ ਕਰਨ ਦੇ ਢੰਗਾਂ ਬਾਰੇ ਅਤੇ ਆਪਣੀਆਂ ਜ਼ਿੰਮੇਦਾਰੀਆਂ ਬਾਰੇ ਪਤਾ ਨਹੀਂ ਹੁੰਦਾ।

23. **ਯੂਥ ਵਰਕ ਅਤੇ ਸਕੂਲੋਂ ਬਾਹਰ ਕੀਤੇ ਜਾਣ ਵਾਲੇ ਕੰਮਾਂ** ਰਾਹੀਂ ਬੱਚਿਆਂ ਦੀ ਪੜ੍ਹਾਈ ਅਤੇ ਵਿਕਾਸ ਵਿਚ ਕਾਫ਼ੀ ਯੋਗਦਾਨ ਦਿੱਤਾ ਜਾ ਸਕਦਾ ਹੈ। ਸਰਕਾਰੀ ਦੇਖਭਾਲ ਵਾਲੇ ਬੱਚਿਆਂ ਵਿਚੋਂ ਲੱਗਭਗ ਤਿੰਨ ਚੌਥਾਈ ਨੂੰ ਸਕੂਲੋਂ ਬਾਅਦ ਹੋਣ ਵਾਲੇ ਕੰਮਾਂ ਅਤੇ ਕਲੱਬਾਂ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

## ਸਿਹਤ ਅਤੇ ਭਲਾਈ

24. ਪੜ੍ਹਾਈ ਦੇ ਨਤੀਜਿਆਂ ’ਤੇ ਬੱਚੇ ਦੀ **ਜਜ਼ਬਾਤੀ, ਮਾਨਸਿਕ ਅਤੇ ਸਰੀਰਕ ਸਿਹਤ** ਦਾ ਬਹੁਤ ਅਸਰ ਪੈਂਦਾ ਹੈ। ਸਕੂਲ ਬੱਚੇ ਦੇ ਸਵੈ-ਵਿਸ਼ਵਾਸ, ਅਤੇ ਸਵੈ-ਮਾਣ ਵਿਚ ਵਾਧਾ ਕਰਕੇ, ਉਹਨੂੰ ਖੇਡਾਂ ਵਿਚ ਸ਼ਾਮਿਲ ਕਰਕੇ ਅਤੇ ਸਿਹਤ ਬਾਰੇ ਜਾਣਕਾਰੀ ਦੇ ਕੇ, ਬੱਚੇ ਦੀ ਸਿਹਤ ਵਿਚ ਬਹੁਤ ਸੁਧਾਰ ਕਰ ਸਕਦਾ ਹੈ।

25. ਬੱਚੇ ਨੂੰ ਰੱਖਣ ਵਾਲੀ ਥਾਂ ਬਦਲਣ ਨਾਲ ਸਿਹਤ ਦੇ ਮਸਲੇ ਹੋਰ ਗੰਭੀਰ ਹੋ ਸਕਦੇ ਹਨ ਅਤੇ ਇਹਨਾਂ ਦੀ ਪਛਾਣ ਕਰਨਾ ਹੋਰ ਮੁਸ਼ਕਿਲ ਹੋ ਸਕਦਾ ਹੈ। ਅਸਥਿਰਤਾ, ਧੌਂਸਬਾਜ਼ੀ, ਅਤੇ ਮਾਨਸਿਕ ਧੱਕਾ, ਇਹ ਸਭ ਬੱਚੇ ਦੀ ਮਾਨਸਿਕ ਸਿਹਤ ’ਤੇ ਮਾੜਾ ਅਸਰ ਪਾਉਂਦੇ ਹਨ।

26. ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਵਾਲੇ ਬੱਚਿਆਂ ਨੂੰ ਬੱਚਿਆਂ ਅਤੇ ਨੌਜਵਾਨਾਂ ਨੂੰ ਮਿਲਣ ਵਾਲੀਆਂ ਮਾਨਸਿਕ ਸਿਹਤ ਸੇਵਾਵਾਂ (Child and Adolescent Mental Health Serviecs - CAMHS) ਤੋਂ ਲਾਭ ਉਠਾਉਣ ਵਿਚ ਮੁਸ਼ਕਿਲ ਆ ਸਕਦੀ ਹੈ। ਕੁਝ ਇਲਾਕਿਆਂ ਵਿਚ ਇਹਦੇ ਲਈ 12-18 ਮਹੀਨਿਆਂ ਤਕ ਉਡੀਕ ਕਰਨੀ ਪੈ ਸਕਦੀ ਹੈ। ਸਰਕਾਰ ਦਾ ਨਿਸ਼ਾਨਾ ਹੈ ਕਿ ਇਹਨਾਂ ਸੇਵਾਵਾਂ ਵਿਚ ਹਰ ਸਾਲ 10 ਫ਼ੀ ਸਦੀ ਵਾਧਾ ਕੀਤਾ ਜਾਏ, ਅਤੇ ਇਸ ਕੰਮ ਲਈ ਅਗਲੇ ਤਿੰਨ ਸਾਲਾਂ ਵਿਚ £250 ਮਿਲੀਅਨ ਖ਼ਰਚੇ ਜਾਣਗੇ।

## ਸਰਕਾਰੀ ਦੇਖਭਾਲ ਵਾਲੇ ਬੱਚਿਆਂ ਲਈ ਕੰਮ ਕਰਨਾ - ਕੌਮੀ ਪੱਧਰ ’ਤੇ ਕੀਤੇ ਜਾਣ ਵਾਲੇ ਸਰਕਾਰੀ ਕੰਮ

27. ਸਰਕਾਰ ਕੁਆਲਿਟੀ ਪ੍ਰੋਟੈਕਟਸ ਰਾਹੀਂ ਕੀਤੇ ਕੰਮਾਂ ਨੂੰ ਅੱਠ ਖੇਤਰਾਂ ਵਿਚ ਹੋਰ ਅੱਗੇ ਵਧਾਉਣ ਲਈ ਕੰਮ ਕਰੇਗੀ। ਵੱਡੀ ਰਿਪੋਰਟ ਦੇ ਨੌਵੇਂ ਚੈਪਟਰ ਵਿਚ ਦਿੱਤੀ ਪੂਰੀ ਲਿਸਟ ਵਿਚ ਇਹ ਕੰਮ ਸ਼ਾਮਿਲ ਹਨ:

(i) **ਬੱਚਿਆਂ ਦੇ ਗਰੀਨ ਪੇਪਰ ਰਾਹੀਂ ਕਾਨੂੰਨ ਬਣਾਉਣ ਬਾਰੇ ਸਲਾਹ ਮਸ਼ਵਰਾ ਕਰਕੇ ਹੇਠ ਲਿਖੇ ਕੰਮਾਂ ਲਈ ਜਵਾਬਦੇਹੀ ਵਿਚ ਵਾਧਾ ਕਰਨਾ:**

- ਡਾਇਰੈਕਟਰ ਆੱਫ਼ ਚਿਲਡਰਨਜ਼ ਸਰਵਿਸ ਦਾ ਨਵਾਂ ਅਹੁਦਾ ਸਥਾਪਤ ਕਰਨਾ
- ਬੱਚਿਆਂ ਬਾਰੇ ਕੀਤੇ ਜਾਣ ਵਾਲੇ ਕੰਮਾਂ ਦੀ ਅਗਵਾਈ ਦਾ ਕੰਮ ਹਰ ਕਾਉਂਸਿਲਾਂ ਵਿਚ ਕਿਸੇ ਖ਼ਾਸ ਵਿਅਕਤੀ ਨੂੰ ਸੰਭਾਲਣਾ; ਅਤੇ
- ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀਆਂ ਪੜ੍ਹਾਈ ਵਿਚ ਸਫਲਤਾਵਾਂ ਵਿਚ ਵਾਧਾ ਕਰਨਾ ਲੋਕਲ ਅਥਾਰਿਟੀਆਂ ਦਾ ਫ਼ਰਜ਼ ਬਣਾਉਣਾ

(ii) **ਸਿੱਧੇ ਤੌਰ ’ਤੇ ਬੱਚਿਆਂ ਲਈ ਕੰਮ ਕਰਨ ਵਾਲਿਆਂ ਨੂੰ ਵੱਧ ਅਸਰਦਾਈ ਮਦਦ ਦੇਣਾ**

- ਸੋਸ਼ਲ ਵਰਕਰਾਂ ਅਤੇ ਦੇਖਭਾਲ ਵਾਲੇ ਬੱਚਿਆਂ ਨਾਲ ਕੰਮ ਕਰਨ ਵਾਲੇ ਹੋਰ ਲੋਕਾਂ ਦੇ ਕੰਮਾਂ ਅਤੇ ਜ਼ਿੰਮੇਦਾਰੀਆਂ ਸਪਸ਼ਟ ਕਰਨਾ; ਅਤੇ
- ਬੱਚਿਆਂ ਦਾ ਪਾਲਣ ਕਰਨ ਵਾਲਿਆਂ ਨੂੰ ਵੱਧ ਚੰਗੀ ਸਿਖਲਾਈ ਅਤੇ ਮਦਦ ਦੇ ਕੇ ਬੱਚੇ ਨੂੰ ਉੱਥੇ ਰੱਖਣ ਦੇ ਰਾਹ ਵਿਚ ਪੈਣ ਵਾਲੀ ਅੜਚਨ ਨੂੰ ਰੋਕਣਾ, ਤਾਕਿ ਪਾਲਣ ਕਰਨ ਵਾਲੇ ਘਰ ਵਿਚ ਬੱਚੇ ਦੀ ਸਕੂਲ ਦੇ ਕੰਮ ਵਿਚ ਵੱਧ ਮਦਦ ਕਰ ਸਕਣ।

(iii) **ਇਹ ਯਕੀਨੀ ਬਣਾਉਣਾ ਕਿ ਲੋਕਲ ਅਥਾਰਿਟੀਆਂ ਕੋਲ ਕਾਫ਼ੀ ਵਸੀਲੇ ਹੋਣ:**

- ਵਲਨਿਰੇਬਲ ਚਿਲਡਰਨਜ਼ ਗਰਾਂਟ (ਤਿੰਨ ਸਾਲਾਂ ਵਿਚ £252 ਮਿਲੀਅਨ) ਅਤੇ ਚੌਇਸ ਪ੍ਰੋਟੈਕਟਸ ਫ਼ੰਡਿੰਗ (ਤਿੰਨ ਸਾਲਾਂ ਵਿਚ £113 ਮਿਲੀਅਨ) ਰਾਹੀਂ। 1 ਅਪ੍ਰੈਲ 2004 ਤੋਂ, ਕੁਆਲਿਟੀ ਪ੍ਰੋਟੈਕਟਸ ਗਰਾਂਟ ਲੋਕਲ ਅਥਾਰਿਟੀਆਂ ਦੇ ਆਮ ਬੱਜਟਾਂ ਵਿਚ ਸ਼ਾਮਿਲ ਕਰ ਦਿੱਤੀ ਜਾਏਗੀ।

(iv) **ਦੇਖਭਾਲ, ਅਤੇ ਸਰਕਾਰੀ ਦੇਖਭਾਲ ਵਿਚ ਰਹਿਣ ਵਾਲਿਆਂ ਬਾਰੇ ਸੂਝ ਬੂਝ ਨੂੰ ਚੰਗੀ ਬਣਾਉਣਾ**

- ਲੋਕਲ ਅਥਾਰਿਟੀਆਂ ਅਤੇ ਹੋਰ ਲੋਕਾਂ ਨਾਲ ਮਿਲ ਕੇ ਵਿਚਾਰ ਕਰਨਾ ਕਿ ਅਜਿਹੀ ਦੇਖਭਾਲ ਬਾਰੇ ਲੋਕਾਂ ਵਿਚ ਸਹੀ ਸੂਝ ਬੂਝ ਕਿਵੇਂ ਪੈਦਾ ਕੀਤੀ ਜਾਏ, ਅਤੇ ਧੌਂਸਬਾਜ਼ੀ ਅਤੇ ਇਹਦੇ ਨਾਲ ਜੁੜੀ ਬਦਨਾਮੀ ਨੂੰ ਕਿਵੇਂ ਦੂਰ ਕੀਤਾ ਜਾਏ।

(v) **ਲੰਮੇ ਸਮੇਂ ਲਈ ਕਾਨੂੰਨੀ ਢਾਂਚੇ ਅਤੇ ਰਹਿਨੁਮਾਈ ਵਿਚ ਸੋਧ ਕਰਕੇ ਬੱਚਿਆਂ ਨੂੰ ਦੇਖਭਾਲ ਵਿਚ ਰੱਖਣ ਦੀ ਯੋਜਨਾਬੰਦੀ ਨੂੰ ਹੋਰ ਚੰਗੀ ਬਣਾਉਣ ਲਈ, ਸਰਕਾਰ ਹੇਠ ਲਿਖੀਆਂ ਯੋਜਨਾਵਾਂ ਬਾਰੇ ਸਲਾਹ ਮਸ਼ਵਰਾ ਕਰੇਗੀ:**

- ਬੱਚੇ ਨੂੰ ਰੱਖਣ ਵਾਲੀ ਥਾਂ ਬਦਲਣ ਕਾਰਨ ਸਕੂਲ ਬਦਲਣ ਨੂੰ ਘਟਾਉਣਾ;
- ਬੱਚੇ ਨੂੰ ਜ਼ਿਆਦਾ ਦੂਰ ਰੱਖਣਾ ਘੱਟ ਕਰਨਾ;
- ਖ਼ਾਸ ਸੇਵਾਵਾਂ ਇਲਾਕੇ ਵਿਚ ਹਾਸਿਲ ਕਰਨ ਦੇ ਕੰਮ ਨੂੰ ਹੋਰ ਚੰਗਾ ਬਣਾਉਣਾ।

(vi) **ਮਿਆਰ ਵੱਧ ਚੰਗੇ ਬਣਾਉਣਾ:**

- ਜਨਰਲ ਸੋਸ਼ਲ ਕੇਅਰ ਕਾਉਂਸਿਲ (ਜੀ.ਐੱਸ.ਸੀ.ਸੀ) ਨੂੰ ਸਿਫ਼ਾਰਿਸ਼ ਕਰਨਾ ਕਿ ਪਰਿਵਾਰਾਂ ਨਾਲ ਕੰਮ ਕਰਨ ਵਾਲੇ ਸੋਸ਼ਲ ਕੇਅਰ ਸਟਾਫ਼ ਨੂੰ ਜੀ.ਐੱਸ.ਸੀ.ਸੀ ਦੇ ਰਜਿਸਟਰ 'ਤੇ ਰਖਣ ਦੀ ਸ਼ਰਤ ਇਹ ਹੋਵੇ ਕਿ ਇਹਨਾਂ ਕੋਲ ਬੱਚਿਆਂ ਦੀ ਪੜ੍ਹਾਈ ਅਤੇ ਵਿਕਾਸ ਬਾਰੇ ਤਾਜ਼ੀ ਜਾਣਕਾਰੀ ਹੋਵੇ।

(vii) **ਹੁਣ ਅਤੇ ਭਵਿੱਖ ਵਿਚ ਪਾਲਿਸੀ ਬਣਾਉਣ ਵੇਲੇ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ ਪਹਿਲ ਦੇਣਾ:**

- ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਬਾਰੇ ਕੌਮੀ ਪ੍ਰੋਗਰਾਮਾਂ ਵਿਚ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਦੀਆਂ ਲੋੜਾਂ ਨੂੰ ਮਾਨਤਾ ਦੇਣਾ; ਅਤੇ
- ਬੱਚਿਆਂ ਦੀ ਜਜ਼ਬਾਤੀ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਕਰਨਾ।

(viii) **ਜਾਣਕਾਰੀ ਅਤੇ ਖੋਜ ਪੜਤਾਲ ਦੀ ਵੱਧ ਚੰਗੀ ਵਰਤੋਂ ਕਰਨਾ**

- ਸਕੂਲ ਸੈਂਸਸ ਤੋਂ ਮਿਲਣ ਵਾਲੀ ਜਾਣਕਾਰੀ (ਖ਼ਾਸ ਤੌਰ 'ਤੇ ਨਸਲੀ ਘੱਟ ਗਿਣਤੀ ਦੇ ਅਤੇ ਨਿਰਯੋਗਤਾਵਾਂ ਵਾਲੇ ਬੱਚਿਆਂ ਬਾਰੇ) ਦੀ ਵਰਤੋਂ ਕਰਨਾ; ਅਤੇ
- ਲੰਮੇ ਸਮੇਂ ਵਿਚ ਕੇਂਦਰੀ ਸਰਕਾਰ ਦੀਆਂ ਅੰਕੜਿਆਂ ਦੀਆਂ ਲੋੜਾਂ ਨੂੰ ਇਹਦੇ ਅਨੁਸਾਰ ਬਣਾਉਣਾ।

## ਸਰਕਾਰੀ ਦੇਖਭਾਲ ਵਾਲੇ ਬੱਚਿਆਂ ਲਈ ਕੰਮ ਕਰਨਾ - ਕੌਮੀ ਪੱਧਰ 'ਤੇ ਕੀਤੇ ਜਾਣ ਵਾਲੇ ਕੰਮਾਂ ਬਾਰੇ ਸਿਫ਼ਾਰਿਸ਼ਾਂ

28. ਛੇ ਖੇਤਰਾਂ ਵਿਚ ਹੋਏ ਕੰਮ ਨੂੰ ਅੱਗੇ ਵਧਾਉਣ ਲਈ ਲੋਕਲ ਅਥਾਰਿਟੀਆਂ, ਸਕੂਲਾਂ ਅਤੇ ਦੇਖਭਾਲ ਕਰਨ ਵਾਲੇ ਸੁਤੰਤਰ ਲੋਕਾਂ ਨੂੰ ਕੁਝ ਕਰਨਾ ਚਾਹੀਦਾ ਹੈ। ਵੱਡੀ ਰਿਪੋਰਟ ਦੇ ਚੈਪਟਰ ਦਸ ਵਿਚ ਦਿੱਤੀ ਲਿਸਟ ਵਿਚ ਇਹ ਕੰਮ ਸ਼ਾਮਿਲ ਹਨ:

(i) **ਵੱਧ ਚੰਗੀ ਯੋਜਨਾਬੰਦੀ:**

- ਕਾਰਜਨੀਤੀ ਦੇ ਪੱਧਰ 'ਤੇ ਪ੍ਰਬੰਧ ਬਾਰੇ ਵੱਧ ਚੰਗੀ ਜਾਣਕਾਰੀ ਦੀ ਵਰਤੋਂ ਰਾਹੀਂ ਆਉਣ ਵਾਲੇ ਸਮੇਂ ਵਿਚ ਬੱਚਿਆਂ ਨੂੰ ਦੇਖਭਾਲ ਵਿਚ ਰੱਖਣ ਦੀਆਂ ਲੋੜਾਂ ਬਾਰੇ ਪਤਾ ਕਰਨਾ ਚਾਹੀਦਾ ਹੈ, ਤਾਕਿ ਵਾਰ ਵਾਰ ਉਹਨਾਂ ਨੂੰ ਰੱਖਣ ਦੀ ਥਾਂ ਨਾ ਬਦਲਣੀ ਪਏ; ਅਤੇ
- ਹਰ ਬੱਚੇ ਦੀ ਪੜ੍ਹਾਈ ਦੇ ਨਿਜੀ ਨਿਸ਼ਾਨੇ ਮਿੱਥਣੇ ਚਾਹੀਦੇ ਹਨ।

(ii) **ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ ਪਹਿਲ ਦੇਣਾ**

- ਲੋਕਲ ਅਥਾਰਿਟੀਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਇਹਨਾਂ ਬੱਚਿਆਂ ਦੀ ਦੇਖਭਾਲ ਕਰਨ ਲਈ ਸਕੂਲ ਜਾਣ ਦੀ ਉਮਰ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਿਲਣ ਵਾਲੀਆਂ ਸਥਾਨਕ ਸੇਵਾਵਾਂ ਦੀ ਵਰਤੋਂ ਕਰ ਸਕਣ; ਅਤੇ
- ਲੋਕਲ ਅਥਾਰਿਟੀਆਂ ਨੂੰ ਚਾਹੀਦਾ ਹੈ ਕਿ ਉਹ ਮਿਲ ਸਕਣ ਵਾਲੇ ਪੈਸਿਆਂ ਵਿਚੋਂ ਸਰਕਾਰੀ ਦੇਖਭਾਲ ਵਿਚ ਰੱਖੇ ਬੱਚਿਆਂ ਦਾ ਸਕੂਲ ਵਿਚ ਦਾਖ਼ਲਾ ਆਸਾਨ ਬਣਾਉਣ ਲਈ ਬਰਸਰੀਆਂ ਦਾ ਪ੍ਰਬੰਧ ਕਰਨ ਬਾਰੇ ਵਿਚਾਰ ਕਰਨ।

(iii) **ਸਰਕਾਰੀ ਦੇਖਭਾਲ ਵਾਲੇ ਬੱਚਿਆਂ ਨੂੰ ਵੱਧ ਮਦਦ ਦੇਣਾ**

- ਲੋਕਲ ਅਥਾਰਿਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਬੱਚੇ ਦੀ ਸਕੂਲ ਤੋਂ ਬਾਹਰ ਵੀ ਵਧੀਆ ਕੰਮਾਂ ਤਕ ਪਹੁੰਚ ਹੋਵੇ ਅਤੇ ਸਹੀ ਕਿਸਮ ਦੀਆਂ ਵਿੱਦਿਅਕ ਕਿਤਾਬਾਂ, ਖਿਡਾਉਣੇ, ਜਾਣਕਾਰੀ ਅਤੇ ਇਨਫ਼ਰਮੇਸ਼ਨ ਟੈਕਨੋਲੋਜੀ ਦਾ ਸਾਮਾਨ ਉਹਨੂੰ ਮਿਲ ਸਕੇ;

- ਜਿਹਨਾਂ ਬੱਚਿਆਂ ਨੂੰ ਸਕੂਲਾਂ ਵਿਚ ਥਾਂਵਾਂ ਨਹੀਂ ਮਿਲਦੀਆਂ ਉਹਨਾਂ ਦੀ ਫ਼ੁਲ-ਟਾਈਮ ਪੜ੍ਹਾਈ ਦਾ ਪ੍ਰਬੰਧ ਲੋਕਲ ਅਥਾਰਿਟੀਆਂ ਨੂੰ ਤੁਰੰਤ ਕਰਨਾ ਚਾਹੀਦਾ ਹੈ;

- ਦੇਖਭਾਲ ਵਿਚੋਂ ਜਾਣ ਵਾਲਿਆਂ ਨੂੰ ਸੇਵਾਵਾਂ ਦੇਣ ਵਾਲਿਆਂ ਨੂੰ ਕਾਲਿਜਾਂ ਅਤੇ ਯੂਨੀਵਰਸਿਟੀਆਂ ਨਾਲ ਮਿਲ ਕੇ ਇਹਨਾਂ ਲੋਕਾਂ ਦੀਆਂ ਲੋੜਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਤਾਕਿ ਇਹਨਾਂ ਥਾਂਵਾਂ ਦੇ ਸਟਾਫ਼ ਨੂੰ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾ ਸਕੇ।

(iv) **ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਗੱਲ ਸੁਣ ਕੇ ਉਹਦੇ 'ਤੇ ਅਮਲ ਕਰਨਾ**

- ਸੋਸ਼ਲ ਵਰਕਰਾਂ ਨੂੰ ਚਾਹੀਦਾ ਹੈ ਕਿ ਜਿਹੜੇ ਬੱਚਿਆਂ ਨੂੰ ਸਕੂਲੋਂ ਕੱਢਿਆ ਗਿਆ ਹੈ ਉਹਨਾਂ ਦੀ ਮਦਦ ਕਰਨ ਲਈ ਉਹ ਐਡਵਾਈਜ਼ਰੀ ਸੈਂਟਰ ਫ਼ਾਰ ਐਜੂਕੇਸ਼ਨ ਐਕਸਕਲੂਯਨ ਹੈਲਪਲਾਈਨ ਨਾਲ ਸਲਾਹ ਮਸ਼ਵਰਾ ਕਰਨ, ਅਤੇ ਬੱਚੇ ਅਤੇ ਉਹਦੀ ਦੇਖਭਾਲ ਕਰਨ ਵਾਲਿਆਂ ਦੇ ਨਜ਼ਰੀਏ ਬਾਰੇ ਵੀ ਵਿਚਾਰ ਕਰਨ, ਅਤੇ ਲੋੜ ਪੈਣ 'ਤੇ ਸਹੀ ਕਿਸਮ ਦੀ ਚੁਣੌਤੀ ਦੇਣ; ਅਤੇ

- ਬੱਚਿਆਂ ਅਤੇ ਨੌਜਵਾਨਾਂ ਨੂੰ ਮਿਲਣ ਵਾਲੀ ਵਿੱਦਿਆ ਬਾਰੇ ਉਹਨਾਂ ਦੇ ਵਿਚਾਰ ਵੀ ਪੁੱਛੇ ਜਾਣ ਅਤੇ ਇਹਨਾਂ 'ਤੇ ਅਮਲ ਕੀਤਾ ਜਾਏ।

(v) **ਸੋਸ਼ਲ ਵਰਕਰਾਂ ਅਤੇ ਟੀਚਰਾਂ ਨੂੰ ਸਿਖਲਾਈ ਦੇਣਾ**

- ਲੋਕਲ ਅਥਾਰਿਟੀਆਂ ਨੂੰ ਚਾਹੀਦਾ ਹੈ ਕਿ ਉਹ ਸਟਾਫ਼ ਲਈ ਸਾਂਝੀ ਸਿਖਲਾਈ ਦਾ ਪ੍ਰਬੰਧ ਕਰਨ ਜਿਸ ਵਿਚ ਸਰਕਾਰੀ ਦੇਖਭਾਲ ਵਾਲੇ ਬੱਚੇ ਅਤੇ ਨੌਜਵਾਨ ਅਤੇ ਦੇਖਭਾਲ ਛੱਡ ਕੇ ਜਾਣ ਵਾਲੇ ਵੀ ਸਿਖਲਾਈ ਦੇ ਕੰਮ ਵਿਚ ਹਿੱਸਾ ਲੈਣ।

- ਦੇਖਭਾਲ ਕਰਨ ਵਾਲਿਆਂ ਦੀਆਂ ਯੋਗਤਾਵਾਂ ਦਾ ਮੁੱਢਲਾ ਹਿਸਾਬ ਲਾਉਣ ਵੇਲੇ, ਲੋਕਲ ਅਥਾਰਿਟੀਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਕਰਨ ਦੀ ਇਹਨਾਂ ਦੀ ਯੋਗਤਾ ਵਲ ਵੀ ਧਿਆਨ ਦੇਣ ਅਤੇ ਜਿਹਨਾਂ ਦੀ ਯੋਗਤਾ ਕਾਫ਼ੀ ਮਿਆਰ ਦੀ ਨਾ ਹੋਵੇ, ਉਹਨਾਂ ਨੂੰ ਵਾਧੂ ਮਦਦ ਦੇਣ।

(vi) **ਮਿਲਣ ਵਾਲੀ ਜਾਣਕਾਰੀ ਦੀ ਵਰਤੋਂ ਸੇਵਾ ਵਿਚ ਸੁਧਾਰ ਕਰਨ ਲਈ ਕਰਨਾ**

- ਲੋਕਲ ਅਥਾਰਿਟੀਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਸਰਕਾਰੀ ਦੇਖਭਾਲ ਵਿਚ ਆਉਣ ਵੇਲੇ ਅਤੇ ਛੱਡਣ ਵੇਲੇ, ਜਾਂ ਦੇਖਭਾਲ ਦੀ ਥਾਂ ਬਦਲਣ ਕਾਰਨ ਸਕੂਲ ਬਦਲਣ ਵਾਲੇ ਬੱਚਿਆਂ ਦੀ ਗਿਣਤੀ ਦਾ ਲੇਖਾ ਜੋਖਾ ਕਰਨ; ਅਤੇ

- ਲੋਕਲ ਅਥਾਰਿਟੀਆਂ ਨੂੰ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ ਕਿ ਬੱਚਿਆਂ ਦੀਆਂ ਨਿਜੀ ਲੋੜਾਂ ਪੂਰੀਆਂ ਕਰਨ ਦੇ ਨਿਸ਼ਾਨਿਆਂ ਵਿਚੋਂ ਕਿੰਨੇ ਕੁ ਪੂਰੇ ਹੁੰਦੇ ਹਨ।

ਸਥਾਨਕ ਪੱਧਰ 'ਤੇ ਕੀਤੇ ਜਾਣ ਵਾਲੇ ਕੰਮਾਂ ਦੀ ਮਦਦ ਕਰਨ ਲਈ, ਸੋਸ਼ਲ ਐਕਸਕਲੂਯਨ ਯੂਨਿਟ ਨੇ ਚੰਗੇ ਕੰਮਾਂ ਦੀ ਗਾਈਡ ਤਿਆਰ ਕੀਤੀ ਹੈ, ਜਿਸ ਵਿਚ ਇਹਨਾਂ ਮਸਲਿਆਂ ਨੂੰ ਹੱਲ ਕਰਨ ਦੇ ਕੇਸਾਂ ਦੀਆਂ ਮਿਸਾਲਾਂ ਦਿੱਤੀਆਂ ਗਈਆਂ ਹਨ। ਇਹ ਗਾਈਡ ਇਸ ਵੈੱਬਸਾਈਟ 'ਤੇ ਪੜ੍ਹੀ ਜਾ ਸਕਦੀ ਹੈ - www.socialexclusionunit.gov.uk ,ਜਾਂ ਇਹ ਮੰਗਵਾਉਣ ਲਈ ਨੰਬਰ 020 7944 8133 'ਤੇ ਫ਼ੋਨ ਕਰੋ।

## ਸਫਲਤਾ ਨਾਪਣਾ - ਸਾਨੂੰ ਕਿਵੇਂ ਪਤਾ ਲੱਗੇ ਕਿ ਕੰਮ ਠੀਕ ਹੋ ਰਿਹਾ ਹੈ?

29. ਪਬਲਿਕ ਸਰਵਿਸ ਐਗਰੀਮੈਂਟ ਦੇ ਨਿਸ਼ਾਨੇ ਪੂਰੇ ਕਰਨ ਦੇ ਨਾਲ ਨਾਲ, ਸਰਕਾਰ ਇਹ ਯਕੀਨੀ ਬਣਾਉਣ ਲਈ ਵੀ ਕਈ ਪ੍ਰਬੰਧ ਕਰੇਗੀ ਕਿ ਰਿਪੋਰਟ ਵਿਚ ਦੱਸੇ ਕੰਮ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ।

ਪ੍ਰਗਤੀ ਦਾ ਲੇਖਾ ਜੋਖਾ ਕਰਨ ਅਤੇ ਇਹਨੂੰ ਚੈਕ ਕਰਨ ਲਈ ਇਹ ਕੰਮ ਕੀਤੇ ਜਾਣਗੇ:

- ਮੁੱਖ ਇੰਨਸਪੈਕਟਰੇਟਾਂ ਦੀ ਮਦਦ ਨਾਲ ਯਕੀਨੀ ਬਣਾਉਣਾ ਕਿ ਇਸ ਰਿਪੋਰਟ ਵਿਚ ਦੱਸੇ ਕੰਮਾਂ ਦੇ ਲਾਗੂ ਹੋਣ ਵਲ ਵੀ ਕਿਸੇ ਸੰਬੰਧਤ ਸੰਸਥਾ ਕਾਰਗੁਜ਼ਾਰੀ ਦੀ ਸਫਲਤਾ ਨਾਪਣ ਵਲ ਧਿਆਨ ਦਿੱਤਾ ਜਾਏ;
- ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਪੜ੍ਹਾਈ ਵਿਚ ਪ੍ਰਗਤੀ ਨਾਪਣ ਵੇਲੇ ਦੇ ਨਤੀਜਿਆਂ ਦੇ ਮੌਜੂਦਾ ਸੂਚਕਾਂ ਦੀ ਵਰਤੋਂ ਕਰਕੇ ਅਤੇ ਇੰਨਸਪੈਕਟਰਾਂ ਨਾਲ ਮਿਲ ਕੇ ਕੀਅ ਸਟੇਜਾਂ ਟੈਸਟਾਂ, ਮੁਢਲੀਆਂ ਯੋਗਤਾਵਾਂ ਅਤੇ 16 ਸਾਲ ਦੀ ਉਮਰ ਮਗਰੋਂ ਕਾਲਿਜ ਜਾਂ ਯੂਨੀਵਰਸਿਟੀ ਜਾਣ ਵਿਚ ਸਫਲਤਾ ਦੇ ਨਵੇਂ ਸੂਚਕ ਤਿਆਰ ਕੀਤੇ ਜਾਣਗੇ;
- 2004 ਦੇ ਸਪੈਂਡਿੰਗ ਰਿਵਿਊ ਵੇਲੇ ਇਹ ਵਿਚਾਰ ਵੀ ਕੀਤਾ ਜਾਏਗਾ ਕਿ ਕੀ ਵਾਧੂ ਨਿਸ਼ਾਨੇ ਅਤੇ ਸੂਚਕ ਸ਼ਾਮਿਲ ਕੀਤੇ ਜਾਣ, ਜਿਹਨਾਂ ਵਿਚ ਵੱਖ ਵੱਖ ਬੱਚਿਆਂ ਦੀ ਨਿਜੀ ਪ੍ਰਗਤੀ ਨੂੰ ਨਾਪਣ ਵਾਲੇ 'ਵੈਲਿਊ-ਐਡਡ' ਨਿਸ਼ਾਨੇ ਵੀ ਸ਼ਾਮਿਲ ਹੋਣ?
- ਰਿਪੋਰਟ ਨੂੰ ਲਾਗੂ ਕਰਨ ਦੇ ਕੰਮ ਨੂੰ ਅੱਗੇ ਵਧਾਉਣ ਲਈ ਨਵਾਂ ਪ੍ਰਾਜੈਕਟ ਗਰੁਪ ਬਣਾਉਣਾ। ਇਸ ਗਰੁਪ ਦੇ ਕੰਮ ਦੀ ਨਿਗਰਾਨੀ ਮਿਨਿਸਟੀਰੀਅਲ ਕਮੇਟੀ ਆੱਨ ਸੋਸ਼ਲ ਐਕਸਕਲੂਯਨ ਅਤੇ ਮਿਨਿਸਟੀਰੀਅਲ ਸਬ-ਕਮੇਟੀ ਆੱਨ ਦ ਡਿਲਿਵਰੀ ਆੱਫ਼ ਸੋਸ਼ਲ ਸਰਵਿਸਿਜ਼ ਫ਼ਾੱਰ ਚਿਲਡਰਨ, ਯੰਗ ਪੀਪਲ ਐਂਡ ਫ਼ੈਮਿਲੀਜ਼, ਅਤੇ ਸਰਕਾਰੀ ਦੇਖਭਾਲ ਵਾਲੇ ਬੱਚਿਆਂ ਦੀ ਪੜ੍ਹਾਈ ਬਾਰੇ ਸਲਾਹ ਦੇਣ ਵਾਲਾ ਇਕ ਬਾਹਰਲਾ ਗਰੁਪ ਕਰੇਗਾ।

## ਵਧੇਰੇ ਜਾਣਕਾਰੀ

ਇਹ ਜਾਣਕਾਰੀ ਇਹਨਾਂ ਭਾਸ਼ਾਵਾਂ ਵਿਚ ਵੀ ਹੇਠ ਲਿਖੇ ਪਤੇ ਤੋਂ ਮਿਲ ਸਕਦੀ ਹੈ: ਬੰਗਾਲੀ, ਗੁਜਰਾਤੀ ਕੈਂਟੋਨੀਜ਼, ਹਿੰਦੀ, ਉਰਦੂ ਅਤੇ ਪੰਜਾਬੀ। ਇਸ ਸੰਖੇਪ ਦੀਆਂ ਕਾਪੀਆਂ ਐੱਸ. ਈ. ਯੂ ਦੀ ਇਸ ਵੈੱਬਸਾਈਟ ਤੋਂ ਵੀ ਉਤਾਰੀਆਂ ਜਾ ਸਕਦੀਆਂ ਹਨ-
www.socialexclusionunit.gov.uk

ਹੇਠ ਲਿਖੇ ਪਤੇ ਤੋਂ ਤੁਸੀਂ ਇਹ ਪਰਚਾ ਬ੍ਰੇਲ ਵਿਚ ਅਤੇ ਆਡੀਓ ਟੇਪ 'ਤੇ ਵੀ ਲੈ ਸਕਦੇ ਹੋ;

ਪੂਰੀ ਰਿਪੋਰਟ ਦੀ ਕਾਪੀ ਅਤੇ ਇਸ ਪਰਚੇ ਦੀਆਂ ਹੋਰ ਕਾਪੀਆਂ ਵੈੱਬਸਾਈਟ ਤੋਂ ਜਾਂ ਹੇਠ ਲਿਖੇ ਪਤੇ ਤੋਂ ਮਿਲ ਸਕਦੀਆਂ ਹਨ:

ਰਾਬਤਾ:
Social Exclusion Unit
Office of the Deputy Prime Minister
7/G10 Floor
Eland House
Bressenden Place
London SW1E 5DU
ਟੈਲੀਫ਼ੋਨ: 020 7944 8133
ਈਮੇਲ: seupublications@odpm.gsi.gov.uk

ਸੋਸ਼ਲ ਐਕਸਕਲੂਯਨ ਯੂਨਿਟ ਦੀ ਰਿਪੋਰਟ ਜਾਂ ਚੰਗੇ ਕੰਮਾਂ ਬਾਰੇ ਗਾਈਡਾਂ ਦੀਆਂ ਕਾਪੀਆਂ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ - www.socialexclusionunit.gov.uk, ਜਾਂ ਨੰਬਰ 020 7944 8133 'ਤੇ ਫ਼ੋਨ ਕਰੋ।

Social Exclusion Unit
Office of the Deputy Prime Minister
7/G10 Floor
Eland House
Bressenden Place
London SW1E 5DU
ਟੈਲੀਫ਼ੋਨ: 020 7944 8133

ਬੱਚਿਆਂ ਦੇ ਗਰੀਨ ਪੇਪਰ ਦੀਆਂ ਕਾਪੀਆਂ ਲੈਣ ਲਈ ਨੰਬਰ 0870 000 2288 'ਤੇ ਫ਼ੋਨ ਕਰੋ।

ਡਿਪਾਰਟਮੈਂਟ ਫ਼ਾੱਰ ਐਜੂਕੇਸ਼ਨ ਐਂਡ ਸਕਿਲਜ਼, www.dfes.gov.uk ਟੈਲੀਫ਼ੋਨ 0870 000 2288

ਐਜੂਕੇਸ਼ਨ ਪ੍ਰੋਟੈਕਟਸ ਵੈੱਬਸਾਈਟ: www.dfes.gov.uk/educationprotects

© ਕ੍ਰਾਊਨ ਕਾਪੀਰਾਈਟ 2003

ਪ੍ਰਕਾਸ਼ਨ ਦੀ ਤਾਰੀਖ਼: ਸਤੰਬਰ 2003